futuretopper.in

Series A6BAB/C

SET-2

Q.P. Code 226/6/2

Roll No.

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **13** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

ਅਰਥਸ਼ਾਸਤ੍ਰ
(ਪੰਜਾਬੀ ਉਲਥਾ)
ECONOMICS
(Punjabi Version)

ਸਮਾਂ ਸੀਮਾਂ : 2 ਘੰਟੇ | *ਪੂਰਨ ਅੰਕ : 40*

Time allowed : 2 hours | *Maximum Marks : 40*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

ਵਿਆਪਕ ਨਿਰਦੇਸ਼ :

ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :

(i) *ਇਸ ਪ੍ਰਸ਼ਨ ਪੱਤਰ ਵਿਚ ਕੁਲ* ***13*** *ਪ੍ਰਸ਼ਨ ਹਨ ।*

(ii) ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ । ਹਰ ਇਕ ਪ੍ਰਸ਼ਨ ਦੇ ਸਾਹਮਣੇ ਉਸਦੇ ਅੰਕ ਲਿਖੇ ਗਏ ਹਨ ।*

(iii) *ਇਸ ਪ੍ਰਸ਼ਨ ਪੱਤਰ ਵਿਚ* ***2*** *ਅੰਕਾਂ ਦੇ* ***5*** *ਪ੍ਰਸ਼ਨ,* ***3*** *ਅੰਕਾਂ ਦੇ* ***5*** *ਪ੍ਰਸ਼ਨ ਅਤੇ* ***5*** *ਅੰਕਾਂ ਦੇ* ***3*** *ਪ੍ਰਸ਼ਨ ਹਨ ।*

(iv) ***2*** *ਅੰਕਾਂ ਵਾਲੇ ਪ੍ਰਸ਼ਨ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਇਨ੍ਹਾਂ ਦੇ ਉੱਤਰ* ***30 – 50*** *ਸ਼ਬਦਾਂ (ਹਰੇਕ) ਵਿਚ ਦਿਓ ।*

(v) ***3*** *ਅੰਕਾਂ ਵਾਲੇ ਪ੍ਰਸ਼ਨ ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਉਨ੍ਹਾਂ ਦੇ ਉੱਤਰ* ***50 – 80*** *ਸ਼ਬਦਾਂ (ਹਰੇਕ) ਵਿਚ ਦਿਓ ।*

(vi) ***5*** *ਅੰਕਾਂ ਵਾਲੇ ਪ੍ਰਸ਼ਨ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਇਨ੍ਹਾਂ ਦੇ ਉੱਤਰ* ***80 – 120*** *ਸ਼ਬਦਾਂ (ਹਰੇਕ) ਵਿਚ ਦਿਓ ।*

(vii) *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ, ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਪ੍ਰੀਖਿਆਰਥੀ ਅਜੇਹੇ ਪ੍ਰਸ਼ਨਾਂ ਵਿਚੋਂ ਕੇਵਲ ਇਕ ਹੀ ਪ੍ਰਸ਼ਨ ਦਾ ਉੱਤਰ ਦੇਣ ।*

(viii) *ਇਸ ਪ੍ਰਸ਼ਨ ਪੱਤਰ ਵਿਚ ਕੇਸ/ਸਰੋਤ ਅਧਾਰਿਤ ਪ੍ਰਸ਼ਨ ਵੀ ਹਨ ।*

1. ਪ੍ਰਤਿਯਾਸ਼ਿਤ ਸਮਗਰ ਮੰਗ (AD) (ex-ante Aggregate Demand) ਦੇ ਮੁੱਲ ਦਾ ਅਨੁਮਾਨ ਲਗਾਓ, ਜੇਕਰ ਸਵਾਯਤ ਨਿਵੇਸ਼ ਅਤੇ ਉਪਭੋਗ ਖਰਚ ($\bar{A}$) ₹ 50 ਕਰੋੜ ਹੈ, ਸੀਮਾਂਤ ਬਚਤ ਪ੍ਰਵਿਰਤੀ (MPS) 0·2 ਹੈ ਅਤੇ ਆਮਦਨ ਦਾ ਸਤਰ ₹ 300 ਕਰੋੜ ਹੈ । *2*

2. (a) ਉਪਭੋਗਤਾ ਵਸਤੂਆਂ ਅਤੇ ਪੂੰਜੀਗਤ ਵਸਤੂਆਂ ਵਿਚ ਅੰਤਰ ਸਪਸ਼ਟ ਕਰੋ । *2*

ਜਾਂ

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

(b) ''ਰਾਸ਼ਟਰੀ ਆਮਦਨ ਵਿਚ ਸਿਰਫ ਘਰੇਲੂ ਖੇਤਰ ਵਿਚ, ਉਤਪਾਦਨ ਦੇ ਕਾਰਕਾਂ ਰਾਹੀਂ ਕਮਾਈ ਆਮਦਨ ਸ਼ਾਮਲ ਹੁੰਦੀ ਹੈ ।''

ਜ਼ਾਇਜ਼ ਕਾਰਨਾਂ ਰਾਹੀਂ ਦਿਤੇ ਗਏ ਕਥਨ ਦਾ ਸਮਰਥਨ ਜਾਂ ਖੰਡਨ ਕਰੋ । 2

3. (a) 'ਕਾਮਿਆਂ ਦੀ ਜਨਸੰਖਿਆ ਅਨੁਪਾਤ (Worker Population Ratio)' ਦਾ ਅਰਥ ਸਮਝਾਓ । 2

ਜਾਂ

(b) ਸਿਹਤ ਅਵਸੰਰਚਨਾ (health infrastructure) ਦੀਆਂ ਕਿਸੇ ਦੋ ਉਭਰਦੀਆਂ ਹੋਈਆਂ ਚੁਣੌਤੀਆਂ ਦਾ ਵਰਣਨ ਕਰੋ । 2

4. (a) ''ਔਸਤ ਬਚਤ ਪ੍ਰਵਿਰਤੀ (APS) ਰਿਣਾਤਮਕ ਹੋ ਸਕਦੀ ਹੈ ।'' ਉਚਿਤ ਵਿਆਖਿਆ ਰਾਹੀਂ ਦਿਤੇ ਗਏ ਕਥਨ ਦਾ ਸਮਰਥਨ ਜਾਂ ਖੰਡਨ ਕਰੋ । 2

ਜਾਂ

(b) ਪੂਰਨ ਰੋਜ਼ਗਾਰ ਅਤੇ ਅਨਚਾਹੀ ਬੇਰੋਜ਼ਗਾਰੀ ਵਿਚ ਅੰਤਰ ਸਪਸ਼ਟ ਕਰੋ । 2

5. (a) ਸਮਝਾਓ ਕਿ ਨਕਾਰਾਤਮਕ ਵਾਤਾਵਰਨਕ ਪ੍ਰਭਾਵਾਂ ਦੀ ਅਵਸਰ ਲਾਗਤ ਉੱਚੀ ਕਿਉਂ ਹੁੰਦੀ ਹੈ । 2

ਜਾਂ

(b) ਇਨ੍ਹਾਂ ਦੇ ਦੋ ਉਦਾਹਰਣ ਦਿਓ : 2

(i) ਵਾਤਾਵਰਨਿਕ ਸੰਸਾਧਨਾਂ ਦਾ ਅਤੀ-ਉਪਯੋਗ

(ii) ਵਾਤਾਵਰਨਿਕ ਸੰਸਾਧਨਾਂ ਦਾ ਦੁਰਉਪਯੋਗ

Official CBSE question paper from cbse.gov.in | futuretopper.in
futuretopper.in is not linked to or endorsed by CBSE

6. ਹੇਠ ਦਿੱਤੀ ਸੂਚਨਾ ਦੇ ਅਧਾਰ ਤੇ, ਦਿੱਤੇ ਗਏ ਦੇਸ਼ਾਂ ਦੀ ਜਨਸੰਖਿਆ ਵਾਧਾ ਦਰ ਦੀ ਤੁਲਨਾ ਅਤੇ ਵਿਸ਼ਲੇਸ਼ਣ ਕਰੋ : *3*

ਦੇਸ਼	ਅਨੁਮਾਨਿਤ ਜਨਸੰਖਿਆ (ਮਿਲਿਯਨ ਵਿਚ)	ਸਾਲਾਨਾ ਜਨਸੰਖਿਆ ਵਾਧਾ (% ਵਿਚ)
ਚੀਨ	1371	0·5
ਪਾਕਿਸਤਾਨ	188	2·1

ਸਰੋਤ : ਵਿਸ਼ਵ ਵਿਕਾਸ ਸੰਸੂਚਕ (WDI), 2017

7. (a) ਹੇਠ ਦਿਤੇ ਅੰਕੜਿਆਂ ਦੇ ਅਧਾਰ ਤੇ, ਬਜ਼ਾਰ ਮੁਲ ਉੱਪਰ ਸਕਲ ਵਾਧੇ (GVA) ਦੇ ਮੁਲ ਦਾ ਲੇਖਾ ਕਰੋ : *3*

ਕ੍ਰਮ ਸੰਖਿਆ	ਬਿਓਰਾ	ਰਕਮ (₹ ਲੱਖ ਵਿਚ)
(i)	ਮੁੱਲ ਹਰਾਸ	20
(ii)	ਘਰੇਲੂ ਵਿਕਰੀ	200
(iii)	ਸਟਾਕ ਵਿਚ ਬਦਲਾਵ	(–) 10
(iv)	ਨਿਰਯਾਤ (ਬਰਾਮਦ)	10
(v)	ਏਕਲ ਉਪਯੋਗ ਨਿਰਮਾਤਾ ਵਸਤੂਆਂ	120

ਜਾਂ

(b) ਖਰਚ ਵਿਧੀ ਰਾਹੀਂ ਰਾਸ਼ਟਰੀ ਆਮਦਨ ਦਾ ਲੇਖਾ ਕਰਦੇ ਸਮੇਂ ਵਰਤੀਆਂ ਜਾਣ ਵਾਲੀਆਂ ਕਿਸੇ ਦੋ ਸਾਵਧਾਨੀਆਂ ਦੀ ਵਿਆਖਿਆ ਕਰੋ । *3*

Official CBSE question paper from cbse.gov.in | futuretopper.in
futuretopper.in is not linked to or endorsed by CBSE

futuretopper.in

8. ਕਿਸੇ ਅਰਥਵਿਵਸਥਾ ਵਿਚ ਜੇਕਰ ਬੈਂਕ ਦਰ ਵਿਚ ਕਮੀ ਹੁੰਦੀ ਹੈ, ਤਾਂ ਇਹ ਉਧਾਰ (ਰਿਣ) ਦੀ ਮੰਗ ਨੂੰ ਕਿਵੇਂ ਪ੍ਰਭਾਵਿਤ ਕਰੇਗੀ ? ਵਿਆਖਿਆ ਕਰੋ । 3

9. ਪਾਕਿਸਤਾਨ ਦੇ ਸੁਸਤ ਆਰਥਿਕ ਵਾਧੇ ਅਤੇ ਗਰੀਬੀ ਦੇ ਮੁੜ ਉਭਰਨ ਦੇ ਕਿਸੇ ਦੋ ਕਾਰਨਾਂ ਦਾ ਵਰਣਨ ਕਰੋ । 3

10. (a) "ਜੇਕਰ ਸੰਸਾਧਨਾਂ ਦੇ ਨਿਕਾਸੀ ਦੀ ਦਰ (extraction rate) ਪੁਨਰਜਨਨ (ਮੁੜ ਪੈਦਾ ਕਰਨ ਦੀ) ਦਰ ਤੋਂ ਜ਼ਿਆਦਾ ਹੋਵੇ, ਤਾਂ ਇਸ ਨਾਲ ਵਾਤਾਵਰਨ ਦੀ ਵਹਨ ਸਮਰੱਥਾ (carrying capacity) ਵਿਚ ਕਮੀ ਆਂਦੀ ਹੈ ।"

ਦਿੱਤੇ ਗਏ ਕਥਨ ਵਿਚ ਦੱਸੇ ਗਏ ਕਿਸੇ ਦੋ ਨਤੀਜਿਆਂ ਤੇ ਰੋਸ਼ਨੀ ਪਾਓ । 3

ਜਾਂ

(b) ਊਰਜਾ ਦੇ ਗੈਰ-ਪਾਰੰਪਰਿਕ ਸਰੋਤਾਂ ਦੀ ਵਰਤੋਂ ਦੇ ਕਿਸੇ ਦੋ ਲਾਭਾਂ ਦੀ ਵਿਆਖਿਆ ਕਰੋ । 3

11. ਸਫੀਤੀਕਾਰੀ ਅੰਤਰਾਲ ਦੀ ਹਾਲਤ ਨੂੰ ਸਹੀ ਕਰਨ ਦੇ ਲਈ ਲੋੜੀਂਦੇ ਕਿਸੇ ਦੋ ਮੌਦਰਿਕ ਉਪਾਵਾਂ ਦੀ ਵਿਆਖਿਆ ਕਰੋ । 5

12. (a) "ਸਿਹਤ ਮਨੁੱਖੀ ਪੂੰਜੀ ਨਿਰਮਾਣ ਦੇ ਸਭਨਾ ਤੋਂ ਮਹਤਵਪੂਰਨ ਸਰੋਤਾਂ ਵਿਚੋਂ ਇਕ ਹੈ । ਸਿਹਤ ਇਕ ਦੇਸ਼ ਦੇ ਲਈ ਆਪਣੇ ਲੋਕਾਂ ਦੇ ਨਾਲ ਵਿਕਸਿਤ ਹੋਣ ਦੇ ਲਈ ਲੋੜੀਂਦੀ ਕਲਿਆਣ ਦੀ ਪੂਰਨ ਹਾਲਤ ਦਰਸਾਂਦਾ ਹੈ ।" ਦਿੱਤੇ ਗਏ ਕਥਨ ਦੀ ਵਿਆਖਿਆ ਕਰੋ । 2

(b) "ਆਰਥਿਕ ਸੰਰਚਨਾ (ਇਨਫਰਾਸਟਰਕਚਰ) ਕਿਸੇ ਦੇਸ਼ ਦੇ ਆਰਥਿਕ ਵਿਕਾਸ ਵਿਚ ਹਿੱਸਾ ਪਾਉਂਦੀ ਹੈ ।"

ਜਾਇਜ਼ ਦਲੀਲਾਂ ਦੇ ਕੇ ਦਿੱਤੇ ਗਏ ਕਥਨ ਦਾ ਸਮਰਥਨ ਕਰੋ । 3

Official CBSE question paper from cbse.gov.in | futuretopper.in
futuretopper.in is not linked to or endorsed by CBSE

ਕੇਸ/ਸਰੋਤ ਅਧਾਰਿਤ ਪ੍ਰਸ਼ਨ

ਹੇਠ ਲਿਖੇ ਸਾਰ (ਪੈਰੇ) ਨੂੰ ਧਿਆਨ ਨਾਲ ਪੜ੍ਹੋ । ਦਿਤੇ ਗਏ ਸਾਰ (ਪੈਰੇ) ਅਤੇ ਸਾਧਾਰਨ ਸਮਝ ਦੇ ਅਧਾਰ ਉਪਰ ਪ੍ਰਸ਼ਨ ਸੰਖਿਆ ***13 (a)*** *ਅਤੇ* ***13 (b)*** *ਦੇ ਉੱਤਰ ਦਿਓ :*

ਰਾਸ਼ਟਰੀ ਸਾਂਖਿਯਕੀ ਕਾਰਿਆਲੇ (National Statistical Office (NSO)) ਰਾਹੀਂ ਕੀਤੇ ਗਏ ਸਾਲਾਨਾ ਰਾਸ਼ਟਰੀ ਆਮਦਨ ਦੇ ਪਹਿਲੇ ਅਗਾਉਂ ਅਨੁਮਾਨਾਂ (ਅੰਦਾਜ਼ਿਆਂ) ਦੇ ਅਨੁਸਾਰ, ਭਾਰਤ ਦੀ ਵਾਸਤਵਿਕ GDP 2020 – 21 ਦੇ 7·3% ਸੰਕੁਚਨ (ਘਟਣ) ਦੇ ਮੁਕਾਬਲੇ ਤੇ 2021 – 22 ਵਿਚ 9·2% ਵਧਣ ਦਾ ਅੰਦਾਜ਼ਾ ਹੈ ।

NSO ਦੇ ਅਨੁਸਾਰ, ਨਿਵੇਸ਼ ਅਤੇ ਬਰਾਮਦ (ਨਿਰਯਾਤ) ਨੇ 2019 – 20 ਦੇ ਮਹਾਮਾਰੀ ਤੋਂ ਪਹਿਲਾਂ ਦੀ ਸੰਬੰਧਿਤ ਸਤਰ ਨੂੰ ਪੂਰੀ ਤਰਾਂ ਨਾਲ ਪ੍ਰਾਪਤ ਕਰ ਲਿਆ ਹੈ । ਇਸ ਹੀ ਤਰਾਂ ਨਿਜੀ ਉਪਭੋਗ ਦੀ ਮਹਾਮਾਰੀ ਤੋਂ ਪਹਿਲੇ ਸਤਰ ਦਾ 97·1% ਸਤਰ ਪ੍ਰਾਪਤ ਕਰ ਚੁਕਾ ਹੈ ਅਤੇ ਵਿੱਤੀ ਸਾਲ 2021 – 22 ਦੀ ਦੂਸਰੀ ਛਿਮਾਹੀ ਵਿਚ ਪੂਰੀ ਤਰਾਂ ਮਹਾਮਾਰੀ ਤੋਂ ਪਹਿਲਾਂ ਦੇ ਸਤਰ ਨੂੰ ਪ੍ਰਾਪਤ ਕਰ ਲਵੇਗਾ । 2020 – 21 ਦੇ 9·1% ਸੰਕੁਚਨ (ਸੁਕੜਨ) ਦੇ ਮੁਕਾਬਲੇ ਤੇ 2021 – 22 ਵਿਚ ਨਿਜੀ ਉਪਭੋਗ ਖਰਚ ਦੇ 6·9% ਦੇ ਵਾਧੇ ਨੂੰ ਪ੍ਰਾਪਤ ਕਰਨ ਦਾ ਅੰਦਾਜ਼ਾ ਹੈ ।

ਭਾਰਤੀ ਅਰਥਵਿਵਸਥਾ ਵਿਚ ਸਥਾਈ ਨਿਵੇਸ਼ 2020 – 21 ਦੇ 10·8% ਸੰਕੁਚਨ ਦੇ ਮੁਕਾਬਲੇ ਤੇ 2021 – 22 ਵਿਚ 15% ਦਾ ਵਾਧਾ ਪ੍ਰਾਪਤ ਕਰਨ ਦਾ ਅੰਦਾਜ਼ਾ ਹੈ । ਵਸਤੂਆਂ ਅਤੇ ਸੇਵਾਵਾਂ ਦੇ ਬਰਾਮਦ (ਨਿਰਯਾਤ) ਅਤੇ ਦਰਾਮਦ (ਆਯਾਤ) ਦੇ 2021 – 22 (ਸਥਿਰ ਕੀਮਤ ਉਪਰ) ਦੇ ਮੁਕਾਬਲੇ ਕਰਮਵਾਰ 16·5% ਅਤੇ 29·4% ਨਾਲ ਵੱਧਣ ਦਾ ਅੰਦਾਜ਼ਾ ਹੈ ।

ਸਰੋਤ : ਦ ਇਕੋਨਾਮਿਕ ਟਾਇਮਸ, 1 ਫਰਵਰੀ, 2022



Official CBSE question paper from cbse.gov.in | futuretopper.in
futuretopper.in is not linked to or endorsed by CBSE

13. (a) ਹੇਠ ਦਿਤੇ ਅੰਕੜਿਆਂ ਦੀ ਵਰਤੋਂ ਕਰਦੇ ਹੋਏ, ਵਾਸਤਵਿਕ (ਅਸਲ) GDP ਵਿਚ ਪ੍ਰਤਿਸ਼ਤ ਪਰਿਵਰਤਨ ਦਾ ਲੇਖਾ ਕਰੋ : (2020 – 21 ਨੂੰ ਆਧਾਰ ਸਾਲ ਮੰਨ ਕੇ) *2*

ਸਾਲ	2020 – 21	2021 – 22
ਅਨੁਮਾਨਿਤ ਵਾਸਤਵਿਕ GDP	7·3	9·2

(b) (i) ਅਜੇਹੇ ਕਿਸੇ ਦੋ ਆਰਥਿਕ ਚਰਾਂ ਦਾ ਵਰਣਨ ਕਰੋ ਜਿਨ੍ਹਾਂ ਨੇ ਮਹਾਮਾਰੀ ਤੋਂ ਪਿਛੋਂ ਸਕਾਰਰਤਮਕ ਪ੍ਰਦਰਸ਼ਨ ਕੀਤਾ ਹੈ । *2*

(ii) ਵਾਸਤਵਿਕ ਸਕਲ ਘਰੇਲੂ ਉਤਪਾਦ ਦੀ ਪਰਿਭਾਸ਼ਾ ਲਿਖੋ । *1*

Official CBSE question paper from cbse.gov.in | futuretopper.in
futuretopper.in is not linked to or endorsed by CBSE